# ਪੋਸਟ ਐਨਿਸਥੈਟਿਕ ਰਿਕਵਰੀ ਰੂਮ ਵਿਚਲੇ ਬੱਚਿਆਂ ਵਾਲੇ ਮਾਪਿਆਂ ਵਲੋਂ ਪੁੱਛੇ ਜਾਂਦੇ 10 ਉਪਰਲੇ ਸਵਾਲ ਅਤੇ ਜਵਾਬ

**The Top 10 Questions and Answers for Parents with a Child in the Post Anesthetic Recovery Room**

BC CHILDREN'S HOSPITAL
An agency of the Provincial Health Services Authority

Surgical Day Care Department
4480 Oak Street, Vancouver, BC V6H 3V4
604-875-2345 • 1-888-300-3088
www.bcchildrens.ca

## 1. ਮੇਰਾ ਬੱਚਾ ਜਾਗ ਕਿਉਂ ਨਹੀਂ ਰਿਹਾ?

ਕਦੇ ਕਦੇ ਬੱਚੇ ਜਾਗਣ ਨੂੰ ਲੰਮਾ ਸਮਾਂ ਲਾਉਂਦੇ ਹਨ। ਇਹ ਇਸ ਚੀਜ਼ 'ਤੇ ਨਿਰਭਰ ਕਰਦਾ ਹੈ ਕਿ ਸਰਜਰੀ ਤੋਂ ਪਹਿਲਾਂ ਅਤੇ ਸਰਜਰੀ ਦੌਰਾਨ ਤੁਹਾਡੇ ਬੱਚੇ ਨੂੰ ਕਿਹੜੀਆਂ ਦਵਾਈਆਂ ਦਿੱਤੀਆਂ ਗਈਆਂ ਸਨ। ਇਹ ਸਰਜਰੀ ਦੀ ਲੰਬਾਈ ਅਤੇ ਕਿਸਮ 'ਤੇ ਵੀ ਨਿਰਭਰ ਕਰਦਾ ਹੈ। ਕਦੇ ਕਦੇ ਬੱਚਿਆਂ ਨੂੰ ਇਸ ਕਰਕੇ ਨੀਂਦ ਆ ਰਹੀ ਹੁੰਦੀ ਹੈ ਜੇ ਉਹ ਸਰਜਰੀ ਤੋਂ ਪਹਿਲਾਂ ਥੱਕੇ ਹੋਏ ਹੋਣ, ਜਾਂ ਸਰਜਰੀ ਸ਼ੁਰੂ ਹੋਣ ਵੇਲੇ ਜਾਂ ਖਤਮ ਹੋਣ ਵੇਲੇ ਉਨ੍ਹਾਂ ਦਾ ਸੌਣ ਦਾ ਸਮਾਂ ਸੀ।

## 2. ਮੇਰਾ ਬੱਚਾ ਕਦੋਂ ਕੋਈ ਚੀਜ਼ ਖਾ ਜਾਂ ਪੀ ਸਕਦਾ ਹੈ?

ਰਿਕਵਰੀ ਰੂਮ ਜਾਂ ਸਰਜੀਕਲ ਡੇਅ ਕੇਅਰ ਦੀ ਤੁਹਾਡੀ ਨਰਸ ਤੁਹਾਨੂੰ ਇਹ ਦੱਸੇਗੀ ਕਿ ਤੁਹਾਡਾ ਬੱਚਾ ਕਦੋਂ ਖਾਣਾ ਅਤੇ ਪੀਣਾ ਸ਼ੁਰੂ ਕਰ ਸਕਦਾ ਹੈ। ਇਹ ਤੁਹਾਡੇ ਬੱਚੇ ਦੀ ਸਰਜਰੀ ਦੀ ਲੰਬਾਈ ਅਤੇ ਕਿਸਮ 'ਤੇ ਨਿਰਭਰ ਕਰਦਾ ਹੈ। ਜੇ ਤੁਹਾਡੇ ਬੱਚੇ ਨੂੰ ਫੌਰਨ ਖਾਣ ਅਤੇ ਪੀਣ ਦੀ ਆਗਿਆ ਹੋਵੇ ਤਾਂ ਸਾਫ ਤਰਲਾਂ ਨਾਲ ਸ਼ੁਰੂ ਕਰਨਾ ਵਧੀਆ ਹੈ ਜਿਵੇਂ ਕਿ ਪਾਣੀ, ਪੌਪਸਿਕਲ, ਜਾਂ ਐਪਲ ਜੂਸ। ਤੁਹਾਡਾ ਬੱਚਾ ਇਨ੍ਹਾਂ ਕਿਸਮਾਂ ਦੇ ਤਰਲ ਦੋ ਕੁ ਘੰਟਿਆਂ ਲਈ ਲਵੇਗਾ। ਜੇ ਤੁਹਾਡਾ ਬੱਚਾ ਇਹ ਤਰਲ ਲੈ ਸਕਦਾ ਹੋਵੇ ਤਾਂ ਫਿਰ ਉਹ ਹੋਰ ਤਰਲ ਲੈਣੇ ਸ਼ੁਰੂ ਕਰ ਸਕਦਾ ਹੈ ਅਤੇ ਫਿਰ ਬਾਕੀ ਦਿਨ ਲਈ ਹਲਕੀ ਖੁਰਾਕ ਲੈ ਸਕਦਾ ਹੈ।

## 3. ਕੀ ਭੰਬਲਭੂਸੇ ਅਤੇ ਨੀਂਦ ਵਿਚ ਹੋਣਾ ਮੇਰੇ ਬੱਚੇ ਲਈ ਆਮ ਗੱਲ ਹੈ?

ਹਾਂ। ਜਿਹੜੀਆਂ ਦਵਾਈਆਂ ਤੁਹਾਡੇ ਬੱਚੇ ਨੂੰ ਦਿੱਤੀਆਂ ਗਈਆਂ ਹਨ ਉਹ ਉਸ ਨੂੰ ਇਸ ਤਰ੍ਹਾਂ ਦਾ ਬਣਾਉਂਦੀਆਂ ਹਨ। ਦਵਾਈਆਂ ਦੇ ਅਸਰ ਘਟਣ ਨਾਲ ਨੀਂਦ ਅਤੇ ਭੰਬਲਭੂਸਾ ਹਟ ਜਾਂਦੇ ਹਨ।

## 4. ਕੀ ਮੇਰੇ ਬੱਚੇ ਦੇ ਦਰਦ ਹੁੰਦੀ ਹੈ?

ਸਰਜਰੀ ਤੋਂ ਬਾਅਦ ਬੱਚਿਆਂ ਦੇ ਦਰਦ ਹੋ ਸਕਦੀ ਹੈ। ਤੁਹਾਡੇ ਬੱਚੇ ਦੀ ਸੰਭਾਲ ਕਰ ਰਹੀਆਂ ਨਰਸਾਂ ਤੁਹਾਡੇ ਬੱਚੇ ਨੂੰ ਅਤੇ ਤੁਹਾਨੂੰ ਇਹ ਪੁੱਛਣਗੀਆਂ ਕਿ ਕੀ ਉਸ ਦੇ ਦਰਦ ਹੋ ਰਹੀ ਹੈ। ਜੇ ਬੱਚਾ ਬੋਲ ਨਾ ਸਕਦਾ ਹੋਵੇ ਤਾਂ ਨਰਸਾਂ ਕੋਲ ਬੱਚੇ ਦੀ ਦਰਦ ਦਾ ਪਤਾ ਲਾਉਣ ਦਾ ਇਕ ਖਾਸ ਤਰੀਕਾ ਹੁੰਦਾ ਹੈ। ਉਹ ਤੁਹਾਡੇ ਬੱਚੇ ਨੂੰ ਸਰਜਰੀ ਤੋਂ ਬਾਅਦ ਵੱਧ ਤੋਂ ਵੱਧ ਆਰਾਮਦੇਹ ਰੱਖਣ ਲਈ ਕੰਮ ਕਰਨਗੀਆਂ।

## 5. ਮੇਰਾ ਬੱਚਾ ਕੰਬ ਕਿਉਂ ਰਿਹਾ ਹੈ? ਕੀ ਮੇਰੇ ਬੱਚੇ ਨੂੰ ਠੰਢ ਲੱਗ ਰਹੀ ਹੈ?

ਇਸ ਦੀ ਸੰਭਾਵਨਾ ਨਹੀਂ ਹੈ। ਰਿਕਵਰੀ ਰੂਮ ਵਿਚ ਪਹੁੰਚਣ ਵੇਲੇ ਤੁਹਾਡੇ ਬੱਚੇ 'ਤੇ ਨਿੱਘੇ ਕੰਬਲ ਦਿੱਤੇ ਗਏ ਹਨ। ਤੁਹਾਡਾ ਬੱਚਾ ਉਨ੍ਹਾਂ ਕੁਝ ਦਵਾਈਆਂ ਦੇ ਅਸਰ ਕਰਕੇ ਕੰਬ ਰਿਹਾ ਹੈ ਜਿਹੜੀਆਂ ਉਸ ਨੂੰ ਅਪਰੇਸ਼ਨ ਰੂਮ ਵਿਚ ਦਿੱਤੀਆਂ ਗਈਆਂ ਸਨ। ਇਨ੍ਹਾਂ ਦਵਾਈਆਂ ਕਾਰਨ ਕੰਬਣਾ ਇਕ ਆਮ ਗੱਲ ਹੈ। ਇਹ ਬੰਦ ਹੋ ਜਾਵੇਗਾ।

## 6. ਮੇਰੇ ਬੱਚੇ ਦਾ ਰੰਗ ਇੰਨਾ ਪੀਲਾ ਕਿਉਂ ਹੈ? ਕੀ ਇਹ ਆਮ ਗੱਲ ਹੈ?

ਵੀ ਪੀਲਾ ਹੋ ਸਕਦਾ ਹੈ ਕਿਉਂਕਿ ਉਸ ਦੇ ਦਰਦ ਹੋ ਰਹੀ ਹੈ ਜਾਂ ਉਹ ਠੀਕ ਮਹਿਸੂਸ ਨਹੀਂ ਕਰ ਰਿਹਾ। ਜੇ ਤੁਹਾਨੂੰ ਕੋਈ ਫਿਕਰ ਹੋਵੇ ਤਾਂ ਕਿਰਪਾ ਕਰਕੇ ਇਸ ਬਾਰੇ ਆਪਣੀ ਨਰਸ ਜਾਂ ਡਾਕਟਰ ਨਾਲ ਗੱਲ ਕਰੋ।

## 7. ਮੇਰੇ ਬੱਚੇ ਦੀਆਂ ਅੱਖਾਂ ਲਾਲ ਕਿਉਂ ਹਨ?

ਇਹ ਉਨ੍ਹਾਂ ਕੁਝ ਦਵਾਈਆਂ ਦੇ ਅਸਰ ਕਰਕੇ ਹੈ ਜਿਹੜੀਆਂ ਤੁਹਾਡੇ ਬੱਚੇ ਨੂੰ ਅਪਰੇਸ਼ਨ ਰੂਮ ਵਿਚ ਦਿੱਤੀਆਂ ਗਈਆਂ ਸਨ। ਦਵਾਈਆਂ ਦਾ ਅਸਰ ਘਟਣ 'ਤੇ ਇਹ ਲਾਲੀ ਹਟ ਜਾਵੇਗੀ। ਸਰਜਰੀ ਤੋਂ ਬਾਅਦ ਅਜਿਹਾ ਹੋਣਾ ਬਹੁਤ ਆਮ ਹੈ।

## 8. ਅਸੀਂ ਘਰ ਕਦੋਂ ਜਾ ਸਕਦੇ ਹਾਂ?

ਤੁਹਾਡਾ ਡਾਕਟਰ ਤੁਹਾਨੂੰ ਇਹ ਦੱਸੇਗਾ ਕਿ ਤੁਹਾਨੂੰ ਕਿੰਨੀਆਂ ਰਾਤਾਂ ਹਸਪਤਾਲ ਵਿਚ ਰਹਿਣ ਦੀ ਲੋੜ ਪੈ ਸਕਦੀ ਹੈ। ਕਦੇ ਕਦੇ ਡੇਅ ਸਰਜਰੀ ਵਾਲੇ ਬੱਚਿਆਂ ਨੂੰ ਹਸਪਤਾਲ ਵਿਚ ਜ਼ਿਆਦਾ ਸਮਾਂ ਰਹਿਣ ਦੀ ਲੋੜ ਪੈਂਦੀ ਹੈ। ਤੁਹਾਡੇ ਬੱਚੇ ਦਾ ਖਿਆਲ ਰੱਖ ਰਹੀ ਨਰਸ ਤੁਹਾਨੂੰ ਦੱਸੇਗੀ ਕਿ ਹਸਪਤਾਲ ਵਿਚ ਕਿੰਨਾ ਸਮਾਂ ਰਹਿਣਾ ਹੈ। ਇਹ ਇਸ ਚੀਜ਼ 'ਤੇ ਵੀ ਨਿਰਭਰ ਕਰਦਾ ਹੈ ਕਿ ਤੁਹਾਡਾ ਬੱਚਾ ਸਰਜਰੀ ਤੋਂ ਪਿੱਛੇ ਕਿਵੇਂ ਰਿਕਵਰ ਕਰਦਾ ਹੈ।

## 9. ਆਈ ਵੀ ਕਦੋਂ ਲਹਿ ਸਕਦੀ ਹੈ?

ਜਦੋਂ ਘਰ ਜਾਣ ਦਾ ਸਮਾਂ ਆ ਗਿਆ ਤਾਂ ਤੁਹਾਡੀ ਨਰਸ ਆਈ ਵੀ ਲਾਹ ਦੇਵੇਗੀ। ਇਹ ਲੱਗੀ ਰਹਿੰਦੀ ਹੈ, ਭਾਵੇਂ ਕਿ ਇਸ ਦੀ ਵਰਤੋਂ ਨਾ ਵੀ ਕੀਤੀ ਜਾਵੇ ਅਤੇ ਇਹ ਇਸ ਕਰਕੇ ਲੱਗੀ ਹੁੰਦੀ ਹੈ ਕਿ ਜੇ ਸਾਨੂੰ ਚਿੱਤ ਕੱਚਾ ਹੋਣ ਜਾਂ ਦਰਦ ਆਦਿ ਲਈ ਦਵਾਈਆਂ ਦੇਣ ਦੀ ਲੋੜ ਹੋਵੇ ਤਾਂ ਇਸ ਦੀ ਵਰਤੋਂ ਕੀਤੀ ਜਾ ਸਕੇ।

## 10. ਕੀ ਮੇਰਾ ਬੱਚਾ ਰੋ ਰਿਹਾ ਸੀ?

ਹਰ ਬੱਚਾ ਵੱਖਰੀ ਤਰ੍ਹਾਂ ਜਾਗਦਾ ਹੈ। ਤੁਹਾਡਾ ਬੱਚਾ ਕਿਵੇਂ ਜਾਗਦਾ ਹੈ ਅਤੇ ਕੀ ਉਹ ਰੋਂਦਾ ਹੈ ਜਾਂ ਨਹੀਂ ਅਤੇ ਕੀ ਉਹ ਅਪਸੈੱਟ ਹੈ ਬਾਰੇ ਭਵਿੱਖਬਾਣੀ ਕਰਨਾ ਔਖਾ ਹੈ।

ਕਦੇ ਕਦੇ ਬੱਚੇ ਅਪਸੈੱਟ ਜਾਗਦੇ ਹਨ। ਇਹ ਕਈ ਕਾਰਨਾਂ ਕਰਕੇ ਹੁੰਦਾ ਹੈ। ਇਹ:

- ਸਰਜਰੀ ਦੌਰਾਨ ਵਰਤੀਆਂ ਗਈਆਂ ਦਵਾਈਆਂ ਕਰਕੇ ਹੋ ਸਕਦਾ ਹੈ। ਦਵਾਈਆਂ ਦਾ ਅਸਰ ਹਟਣ 'ਤੇ ਬੱਚੇ ਫਿਰ ਪਹਿਲਾਂ ਵਰਗੇ ਹੋ ਜਾਂਦੇ ਹਨ।
- ਸਰਜਰੀ ਤੋਂ ਬਾਅਦ ਬੱਚਿਆਂ ਦੇ ਦਰਦ ਕਾਰਨ ਹੋ ਸਕਦਾ ਹੈ।
- ਬੱਚਿਆਂ ਦੇ ਡਰਨ ਕਾਰਨ ਹੋ ਸਕਦਾ ਹੈ ਕਿਉਂਕਿ ਉਹ ਅਜਿਹੀ ਥਾਂ 'ਤੇ ਹੁੰਦੇ ਹਨ ਜਿਸ ਨੂੰ ਉਹ ਜਾਣਦੇ ਨਹੀਂ ਹੁੰਦੇ।
- ਕੁਝ ਬੱਚੇ ਬਿਲਕੁਲ ਉਸ ਤਰ੍ਹਾਂ ਜਾਗਦੇ ਹਨ ਜਿਸ ਤਰ੍ਹਾਂ ਉਹ ਘਰ ਵਿਚ ਜਾਗਦੇ ਹਨ। ਉਦਾਹਰਣ ਲਈ, ਜੇ ਉਹ ਜਾਗਣਾ ਪਸੰਦ ਨਹੀਂ ਕਰਦੇ ਅਤੇ ਘਰ ਵਿਚ ਦਿਨ ਨੂੰ ਸੌਣ ਤੋਂ ਬਾਅਦ ਅਪਸੈੱਟ ਹੁੰਦੇ ਹਨ ਤਾਂ ਉਹ ਸਰਜਰੀ ਤੋਂ ਬਾਅਦ ਵੀ ਅਜਿਹਾ ਹੀ ਕਰ ਸਕਦੇ ਹਨ।

*ਸਰਜੀਕਲ ਡੇਅ ਕੇਅਰ ਡਿਪਾਰਟਮੈਂਟ ਵਲੋਂ ਡਿਪਾਰਟਮੈਂਟ ਔਫ ਲਰਨਿੰਗ ਐਂਡ ਡਿਵੈਲਪਮੈਂਟ ਦੀ ਸਹਾਇਤਾ ਨਾਲ ਤਿਆਰ ਕੀਤਾ ਗਿਆ।*

BCCH1609 © 2011-Aug BC Children's Hospital